ਜ਼ਿਲ੍ਹਾ ਭਾਸ਼ਾ ਅਫ਼ਸਰ

ਭਾਸ਼ਾ ਵਿਭਾਗ ਪੰਜਾਬ, ਪੰਜਾਬੀ ਮਾਂ ਬੋਲੀ ਦੀ ਤਰੱਕੀ ਲਈ ਸਥਾਪਿਤ ਇੱਕ ਅਜਿਹਾ ਅਦਾਰਾ ਹੈ, ਜੋ ਕੇਵਲ ਪੰਜਾਬੀ ਨੂੰ ਸਿੱਖਿਆ, ਪ੍ਰਸ਼ਾਸਨ ਅਤੇ ਹੋਰਨਾਂ ਖੇਤਰਾਂ ਦੀਆਂ ਤਕਨੀਕੀ ਅਤੇ ਹੁਨਰੀ ਲੋੜਾਂ ਦਾ ਹਾਣੀ ਹੀ ਨਹੀਂ ਬਣਾਉਂਦਾ ਸਗੋਂ ਪੰਜਾਬੀ ਸੱਭਿਆਚਾਰ ਦੇ ਵੱਡਮੁੱਲੇ ਵਿਰਸੇ ਨੂੰ ਸੰਭਾਲਣ ਵਿਚ ਵੀ ਯੋਗਦਾਨ ਪਾ ਰਿਹਾ ਹੈ। ਇਹ ਅਦਾਰਾ ਪੰਜਾਬੀ ਮਾਂ ਬੋਲੀ ਦੇ ਸਰਵਪੱਖੀ ਵਿਕਾਸ ਲਈ ਸਿਰਤੋੜ ਯਤਨ ਕਰ ਰਿਹਾ ਹੈ। ਇਸ ਦਾ ਦਫ਼ਤਰ ਹੁਣ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਹੁਸ਼ਿਆਰਪੁਰ ਵਿਖੇ ਸਥਿਤ ਹੈ। ਵਿਭਾਗ ਦਾ ਮੁੱਖ ਦਫ਼ਤਰ ਪਟਿਆਲਾ ਵਿਖੇ ਹੈ।

## ਭਾਸ਼ਾ ਵਿਭਾਗ ਦੇ ਕੰਮਾਂ ਦਾ ਵੇਰਵਾ

**1. ਪੰਜਾਬੀ ਪ੍ਰਚਾਲਣ**

ਪੰਜਾਬ ਰਾਜ ਭਾਸ਼ਾ ਐਕਟ ਦੇ ਉਪਬੰਧਾਂ ਨੂੰ ਅਸਰਦਾਰ ਢੰਗ ਨਾਲ ਲਾਗੂ ਕਰਵਾਉਣ ਲਈ ਪੰਜਾਬ ਸਰਕਾਰ ਦੇ ਸਰਕਾਰੀ ਦਫ਼ਤਰਾਂ ਦੀ ਮਹੀਨੇਵਾਰ ਪੰਜਾਬੀ ਪ੍ਰਚਾਲਣ ਚੈਕਿੰਗ ਕੀਤੀ ਜਾਂਦੀ ਹੈ ਅਤੇ ਦਫ਼ਤਰੀ ਕੰਮ ਪੰਜਾਬੀ ਵਿੱਚ ਨਾ ਕਰਨ ਵਾਲਿਆਂ ਨੂੰ ਸਬੰਧਿਤ ਵਿਭਾਗ ਦੇ ਉੱਚ ਅਧਿਕਾਰੀਆਂ ਦੇ ਨੋਟਿਸ ਵਿੱਚ ਲਿਆਂਦਾ ਜਾਂਦਾ ਹੈ, ਜਿਨ੍ਹਾਂ ਵੱਲੋਂ ਪੰਜਾਬ ਰਾਜ ਭਾਸ਼ਾ ਐਕਟ ਅਨੁਸਾਰ ਸਜ਼ਾ ਦਿੱਤੀ ਜਾਂਦੀ ਹੈ।

**2. ਪੰਜਾਬੀ ਸਟੈਨੋਗ੍ਰਾਫੀ ਕੋਰਸ**

ਵਿਭਾਗ ਵਲੋਂ ਜ਼ਿਲ੍ਹਾ ਪੱਧਰ ਤੇ ਪਹਿਲੀ ਸਤੰਬਰ ਤੋਂ ਇੱਕ ਸਾਲ ਲਈ ਪੰਜਾਬੀ ਸਟੈਨੋਗ੍ਰਾਫੀ ਦਾ ਕੋਰਸ ਚਲਾਇਆ ਜਾਂਦਾ ਹੈ। ਇਸ ਕੋਰਸ ਲਈ 15 ਸੀਟਾਂ ਜਨਰਲ ਕੈਟਾਗਰੀ ਨਾਲ ਸਬੰਧਿਤ ਸਿਖਿਆਰਥੀਆਂ ਲਈ ਹਨ। ਇਸ ਕੋਰਸ ਦਾ ਦਾਖਲਾ/ਇੰਟਰਵਿਊ ਅਗਸਤ ਮਹੀਨੇ ਦੌਰਾਨ ਹੁੰਦੀ ਹੈ। ਦਾਖਲਾ ਫ਼ਾਰਮ ਮੁਫ਼ਤ ਜ਼ਿਲ੍ਹਾ ਭਾਸ਼ਾ ਦਫ਼ਤਰ ਵਿੱਚੋਂ ਹੀ ਪ੍ਰਾਪਤ ਕੀਤੇ ਜਾ ਸਕਦੇ ਹਨ। ਵਿਭਾਗ ਦੀ ਇਸ ਕਲਾਸ ਤੋਂ ਇਲਾਵਾ ਭਲਾਈ ਵਿਭਾਗ, ਪੰਜਾਬ ਵੱਲੋਂ ਹੀ ਇਸ ਵਿਭਾਗ ਦੇ ਸਹਿਯੋਗ ਨਾਲ 15 ਸਿੱਖਿਆਰਥੀਆਂ ਦੀ ਅਲੱਗ ਕਲਾਸ ਚਲਾਈ ਜਾਂਦੀ ਹੈ। ਇਸ ਕਲਾਸ ਬਾਬਤ ਅਨੁਸੂਚਿਤ ਜਾਤੀ ਦੇ ਇਨ੍ਹਾਂ ਸਿੱਖਿਆਰਥੀਆਂ ਦੇ ਦਾਖਲੇ ਲਈ ਭਲਾਈ ਵਿਭਾਗ ਵਲੋਂ ਹੀ ਕਾਰਵਾਈ ਕੀਤੀ ਜਾਂਦੀ ਹੈ ਭਾਵ ਦਾਖਲੇ ਸਬੰਧੀ ਸੂਚਨਾ ਅਤੇ ਫਾਰਮ ਅਖ਼ਬਾਰੀ ਇਸ਼ਤਿਹਾਰ ਰਾਹੀਂ ਹੀ ਦਿੱਤਾ ਜਾਂਦਾ ਹੈ ਅਤੇ ਇਨ੍ਹਾਂ ਸਿੱਖਿਆਰਥੀਆਂ ਨੂੰ ਸਬੰਧਤ ਵਿਭਾਗ ਵਲੋਂ 250/- ਰੁਪਏ ਪ੍ਰਤੀ ਮਹੀਨਾ ਵਜ਼ੀਫਾ ਵੀ ਦਿੱਤਾ ਜਾਂਦਾ ਹੈ। ਦਾਖਲਾ ਫਾਰਮ ਇਸ ਦਫ਼ਤਰ ਵਿਚ ਹੀ ਦਿੱਤਾ ਜਾਂਦਾ ਹੈ ਅਤੇ ਇੰਟਰਵਿਊ ਇਸ ਦਫ਼ਤਰ ਵਲੋਂ ਲਈ ਜਾਂਦੀ ਹੈ।

ਇਹਨਾਂ ਦੋਵਾਂ ਕਲਾਸਾਂ ਤੋਂ ਇਲਾਵਾ ਇਸ ਦਫਤਰ ਵਲੋਂ ਪੰਜਾਬੀ ਵਿਭਾਗ ਵਲੋਂ ਪੰਜਾਬੀ ਸ਼ਾਰਟਹੈਂਡ ਹਾਈ ਸਪੀਡ ਸ਼੍ਰੇਣੀ ਦੀ ਕਲਾਸ ਵੀ ਚਲਦੀ ਹੈ। ਇਸ ਕਲਾਸ ਵਿੱਚ ਉਹੀ ਸਿਖਿਆਰਥੀ ਦਾਖਲਾ ਲੈ ਸਕਦੇ ਹਨ ਜਿਨ੍ਹਾਂ ਇਸ ਵਿਭਾਗ ਤੋਂ ਇਲਾਵਾ ਹੋਰ ਸੰਸਥਾਵਾਂ ਤੋਂ ਵੀ ਸਿਖਲਾਈ ਪ੍ਰਾਪਤ ਕੀਤੀ ਹੋਵੇ। ਇਸ ਸ਼੍ਰੇਣੀ ਦੇ ਦਾਖਲੇ ਲਈ 80 ਸ਼ਬਦ ਪ੍ਰਤੀ ਮਿੰਟ ਦੀ ਸਪੀਡ ਤੇ ਦਾਖਲਾ ਟੈਸਟ ਪਾਸ ਕਰਨਾ ਜ਼ਰੂਰੀ ਹੁੰਦਾ ਹੈ। ਇਸ ਕਲਾਸ ਦੀਆਂ 15 ਸੀਟਾਂ ਹਨ।

ਇਨ੍ਹਾਂ ਤਿੰਨਾਂ ਕੋਰਸਾਂ ਲਈ ਮੁੱਢਲੀ ਵਿਦਿਅਕ ਯੋਗਤਾ ਮੈਟ੍ਰਿਕ ਦੂਜਾ ਦਰਜਾ ਜਾਂ 10+2 ਪਾਸ ਹੋਣਾ ਜ਼ਰੂਰੀ ਹੈ ਅਤੇ ਉਚੇਰੀ ਸਿੱਖਿਆ ਵਾਲੇ ਨੂੰ ਤਰਜੀਹ ਦਿੱਤੀ ਜਾਂਦੀ ਹੈ। ਪਹਿਲੇ ਦੋ ਕੋਰਸਾਂ ਵਾਲੇ ਪਾਸ ਉਮੀਦਵਾਰਾਂ ਨੂੰ 80 ਸ਼ਬਦ ਪ੍ਰਤੀ ਮਿੰਟ ਦੀ ਸਪੀਡ ਅਤੇ ਹਾਈ ਸਪੀਡ ਦੇ ਪਾਸ ਉਮੀਦਵਾਰਾਂ ਨੂੰ 100 ਸ਼ਬਦ ਪ੍ਰਤੀ ਮਿੰਟ ਸਪੀਡ ਦਾ ਸਰਟੀਫਿਕੇਟ ਮੁੱਖ ਦਫ਼ਤਰ ਪਟਿਆਲਾ ਵਲੋਂ ਜਾਰੀ ਕੀਤਾ ਜਾਂਦਾ ਹੈ।

3. **ਉਰਦੂ ਅਮੋਜ਼ ਕਲਾਸ**

ਵਿਭਾਗ ਵਲੋਂ ਦਫ਼ਤਰ ਦੀ ਬਿਲਡਿੰਗ ਵਿੱਚ ਹੀ ਮੁਫ਼ਤ ਉਰਦੂ ਆਮੋਜ਼ ਕਲਾਸ (ਉਰਦੂ ਦੀ ਸਿਖਲਾਈ) ਜਨਵਰੀ ਅਤੇ ਜੁਲਾਈ ਦੇ ਮਹੀਨੇ 6-6 ਮਹੀਨੇ ਲਈ ਚਲਾਈ ਜਾਂਦੀ ਹੈ। ਇਹ ਕਲਾਸ ਦਫ਼ਤਰੀ ਸਮੇਂ ਤੋਂ ਬਾਅਦ ਸ਼ਾਮ 5-15 ਤੋਂ 6-15 ਤੱਕ ਇੱਕ ਘੰਟੇ ਲਈ ਹੁੰਦੀ ਹੈ ਅਤੇ ਇਸ ਵਿੱਚ ਸਰਕਾਰੀ ਮੁਲਾਜ਼ਮ, ਕਾਰੋਬਾਰੀ ਵਿਅਕਤੀ ਅਤੇ ਵਿਦਿਆਰਥੀ ਭਾਗ ਲੈ ਸਕਦੇ ਹਨ।

4. **ਪੰਜਾਬੀ/ਹਿੰਦੀ ਸਾਹਿਤ ਸਿਰਜਨ ਮੁਕਾਬਲੇ**

ਇਹ ਮੁਕਾਬਲੇ ਹਰ ਸਾਲ ਜ਼ਿਲ੍ਹਾ ਪੱਧਰ ਤੇ ਕਰਵਾਏ ਜਾਂਦੇ ਹਨ। ਇਸ ਮੁਕਾਬਲੇ ਵਿੱਚ 17 ਸਾਲ ਤੋਂ ਘੱਟ ਉਮਰ ਦੇ ਸਕੂਲਾਂ/ਕਾਲਜਾਂ ਦੇ ਵਿਦਿਆਰਥੀ ਭਾਗ ਲੈ ਸਕਦੇ ਹਨ ਇਸ ਮੁਕਾਬਲੇ ਵਿੱਚ ਵਿਦਿਆਰਥੀਆਂ ਨੂੰ ਮੌਕੇ ਤੇ ਹੀ ਚੋਣਵੇਂ ਵਿਸ਼ੇ ਦੇ ਕੇ ਕਵਿਤਾ ਕਹਾਣੀ ਜਾਂ ਨਿਬੰਧ ਲਿਖਣ ਲਈ ਦਿੱਤਾ ਜਾਂਦਾ ਹੈ। ਪਹਿਲੇ ਦੂਜੇ ਅਤੇ ਤੀਜੇ ਸਥਾਨ ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਇਨਾਮ ਦਿੱਤੇ ਜਾਂਦੇ ਹਨ।

5. **ਬਾਲ ਸਾਹਿਤ ਕੁਇਜ਼ ਮੁਕਾਬਲੇ**

ਇਹ ਮੁਕਾਬਲੇ ਵੀ ਜ਼ਿਲ੍ਹਾ ਪੱਧਰ ਤੇ ਕਰਵਾਏ ਜਾਂਦੇ ਹਨ। ਇਸ ਮੁਕਾਬਲੇ ਵਿੱਚ ਸਕੂਲਾਂ/ਕਾਲਜਾਂ ਦੇ ਵਿਦਿਆਰਥੀ ਭਾਗ ਲੈ ਸਕਦੇ ਹਨ।

6. **ਪੰਜਾਬੀ ਖੁਸ਼ਖੱਤੀ ਮੁਕਾਬਲੇ**

ਇਹ ਮੁਕਾਬਲੇ ਵੀ ਜ਼ਿਲ੍ਹਾ ਪੱਧਰ ਤੇ ਕੇਵਲ ਸਕੂਲਾਂ ਦੇ ਵਿਦਿਆਰਥੀਆਂ ਦੇ ਕਰਵਾਏ ਜਾਂਦੇ ਹਨ। ਜਿਸ ਵਿੱਚ ਅੱਠਵੀਂ ਤੱਕ ਦੇ ਵਿਦਿਆਰਥੀ ਹਿੱਸਾ ਲੈ ਸਕਦੇ ਹਨ। ਇਹ ਇੱਕ ਸੁੰਦਰ ਲਿਖਾਈ ਪ੍ਰਤੀਯੋਗਤਾ ਹੈ।

7. **ਨਾਟਕ ਮੁਕਾਬਲੇ**

ਇਹ ਮੁਕਾਬਲੇ ਡਵੀਜ਼ਨ ਪੱਧਰ ਤੇ ਕਰਵਾਏ ਜਾਂਦੇ ਹਨ। ਇਹਨਾਂ ਮੁਕਾਬਲਿਆਂ ਵਿੱਚ ਸਕੂਲਾਂ/ਕਾਲਜਾਂ ਦੀਆਂ ਨਾਟਕ ਮੰਡਲੀਆਂ ਭਾਗ ਲੈ ਸਕਦੀਆਂ ਹਨ।

8. **ਪੰਜਾਬੀ ਟਾਈਪ/ਸ਼ਾਰਟਹੈਂਡ ਮੁਕਾਬਲੇ**

ਵਿਭਾਗ ਵਲੋਂ ਸਰਵ ਭਾਰਤੀ ਪੰਜਾਬੀ ਟਾਈਪ ਅਤੇ ਸ਼ਾਰਟਹੈਂਡ ਦੇ ਮੁਕਾਬਲੇ ਵੀ ਕਰਵਾਏ ਜਾਂਦੇ ਹਨ। ਵਿਭਾਗ ਵਲੋਂ ਨਿਰਧਾਰਤ ਮਿਤੀਆਂ ਅਨੁਸਾਰ ਮੁਢਲਾ ਮੁਕਾਬਲਾ ਜ਼ਿਲ੍ਹਾ ਪੱਧਰ ਤੇ ਹੁੰਦਾ ਹੈ ਅਤੇ ਅੰਤਿਮ ਮੁਕਾਬਲਾ ਮੁੱਖ ਦਫ਼ਤਰ ਪਟਿਆਲਾ ਵਿਖੇ ਹੁੰਦਾ ਹੈ।

9. **ਪੰਜਾਬੀ ਭਾਸ਼ਣ ਅਤੇ ਕਵਿਤਾ ਗਾਇਨ ਮੁਕਾਬਲੇ**

ਇਨ੍ਹਾਂ ਮੁਕਾਬਲਿਆਂ ਵਿੱਚ ਸਕੂਲਾਂ/ਕਾਲਜਾਂ ਦੇ 9ਵੀਂ ਤੋਂ 10+2 ਤੱਕ ਜੂਨੀਅਰ ਵਰਗ ਅਤੇ ਬੀ.ਏ.-1 ਤੋਂ ਉਪਰਲੀਆਂ ਕਲਾਸਾਂ ਦੇ ਸੀਨੀਅਰ ਵਰਗ ਦੇ ਵਿਦਿਆਰਥੀ ਭਾਗ ਲੈ ਸਕਦੇ ਹਨ।

ਇਨਾਮ/ਸਰਟੀਫਿਕੇਟ :- ਉਕਤ ਲੜੀ ਨੰ. 4 ਤੋਂ 9 ਤੱਕ ਮੁਕਾਬਲਿਆਂ ਵਿੱਚ ਪਹਿਲੇ, ਦੂਜੇ ਅਤੇ ਤੀਜੇ ਸਥਾਨ ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਵਿਭਾਗ ਵਲੋਂ ਇਨਾਮ/ਸਰਟੀਫਿਕੇਟ ਦਿੱਤੇ ਜਾਂਦੇ ਹਨ।

10. **ਪੰਜਾਬੀ ਟਾਈਪ ਅਤੇ ਸ਼ਾਰਟਹੈਂਡ ਦਾ ਪ੍ਰਾਈਵੇਟ ਇਮਤਿਹਾਨ**

ਵਿਭਾਗ ਵਲੋਂ 25 ਅਪ੍ਰੈਲ ਅਤੇ 25 ਅਕਤੂਬਰ ਨੂੰ (ਪੱਕੀਆਂ ਮਿਤੀਆਂ) ਪੰਜਾਬੀ ਟਾਈਪ ਅਤੇ ਸ਼ਾਰਟਹੈਂਡ ਦਾ ਪ੍ਰਾਈਵੇਟ ਇਮਤਿਹਾਨ ਲਿਆ ਜਾਂਦਾ ਹੈ। ਇਸ ਇਮਤਿਹਾਨ ਲਈ ਕਾਰਵਾਈ ਲੱਗਭੱਗ ਡੇਢ ਮਹੀਨਾਂ ਪਹਿਲਾਂ ਸ਼ੁਰੂ ਹੋ ਜਾਂਦੀ ਹੈ। ਭਾਵ 25 ਅਪ੍ਰੈਲ ਦੇ ਟੈਸਟ ਲਈ 1 ਮਾਰਚ ਤੋਂ, 25 ਅਕਤੂਬਰ ਦੇ ਟੈਸਟ ਲਈ 1 ਸਤੰਬਰ ਤੋਂ, ਪੰਜਾਬੀ ਟਾਈਪ ਦੀ ਫੀਸ 50/- ਰੁਪਏ ਅਤੇ ਸ਼ਾਰਟਹੈਂਡ ਦੀ ਫੀਸ 75/- ਰੁਪਏ ਹੈ। ਇਸ ਟੈਸਟ ਲਈ ਲੇਟ ਫੀਸਾਂ ਵੀ ਨਿਰਧਾਰਤ ਹਨ, ਜੋ ਪ੍ਰੀਖਿਆ ਮਿਤੀ ਤੋਂ ਕੁਝ ਦਿਨ ਪਹਿਲਾਂ ਲੇਟ ਫੀਸ ਨਾਲ ਫਾਰਮ ਭਰ ਕੇ ਵੀ ਟੈਸਟ ਦਿੱਤਾ ਜਾ ਸਕਦਾ ਹੈ।

ਉਪਰੋਕਤ ਤੋਂ ਇਲਾਵਾ ਵਿਭਾਗ ਵਲੋਂ ਸਾਹਿਤ ਸਭਾਵਾਂ ਨੂੰ ਗਰਾਂਟ ਅਤੇ ਸਕੂਲਾਂ/ਕਾਲਜਾਂ ਦੀਆਂ ਸਰਕਾਰੀ ਅਤੇ ਗ਼ੈਰ ਸਰਕਾਰੀ (ਰਜਿਸਟਰਡ) ਲਾਇਬ੍ਰੇਰੀਆਂ ਨੂੰ ਮੈਚਿੰਗ ਗਰਾਂਟ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ ਲੇਖਕਾਂ ਨੂੰ ਆਪਣੀਆਂ ਪੁਸਤਕਾਂ ਛਪਾਉਣ ਲਈ ਵੀ ਗਰਾਂਟਾਂ ਦਿੱਤੀਆਂ ਜਾਂਦੀਆਂ ਹਨ। ਵਿਭਾਗ ਵਲੋਂ ਲੇਖਕਾਂ ਨਾਲ ਰੂ-ਬ-ਰੂ, ਕਵੀ ਦਰਬਾਰ, ਕਹਾਣੀ ਦਰਬਾਰ, ਗੋਸ਼ਟੀਆਂ ਅਤੇ ਮੁਸ਼ਾਇਰਿਆਂ ਦਾ ਵੀ ਆਯੋਜਨ ਕੀਤਾ ਜਾਂਦਾ ਹੈ। ਵਿਭਾਗੀ ਪੁਸਤਕਾਂ ਦੀ ਵਿੱਕਰੀ ਵਿੱਚ ਵਾਧਾ ਕਰਨ ਲਈ ਪੁਸਤਕ ਪ੍ਰਦਰਸ਼ਨੀਆਂ ਵੀ ਲਗਾਈਆਂ ਜਾਂਦੀਆਂ ਹਨ। ਵਿਭਾਗ ਦਾ ਹਰੇਕ ਜ਼ਿਲ੍ਹਾ ਪੱਧਰ ਤੇ ਪੱਕਾ ਵਿੱਕਰੀ ਕੇਂਦਰ ਵੀ ਹੈ, ਜਿੱਥੇ ਇਹਨਾਂ ਪੁਸਤਕਾਂ ਤੇ 100/- ਦੀ ਖਰੀਦ ਤੱਕ 15%, 101/- ਰੁਪਏ ਤੋਂ 500/- ਰੁਪਏ ਤੱਕ 25%, 501/- ਰੁਪਏ ਤੋਂ 1500/- ਰੁਪਏ ਤੱਕ 30%, 1501/- ਰੁਪਏ ਤੋਂ ਉਪਰ 40% ਕਮਿਸ਼ਨ ਦਿੱਤਾ ਜਾਂਦਾ ਹੈ। ਵਿਭਾਗ ਵਲੋਂ ਛਾਪੀਆਂ ਪੁਸਤਕਾਂ ਦੀ ਪੁਸਤਕ ਸੂਚੀ ਵੀ ਛਪ ਚੁੱਕੀ ਹੈ ਅਤੇ ਹੁਣ ਵਿਭਾਗ ਵਲੋਂ ਪੰਜਾਬੀ ਲੇਖਕ ਡਾਇਰੈਕਟਰੀ (ਜੋ ਛਪਾਈ ਅਧੀਨ ਹੈ) ਵੀ ਛਾਪੀ ਜਾ ਰਹੀ ਹੈ। ਵਿਭਾਗ ਦੇ ਸਮੁੱਚੇ ਕਾਰਜ ਦਾ ਕੰਪਿਊਟਰੀਕਰਣ ਵੀ ਕੀਤਾ ਜਾ ਰਿਹਾ ਹੈ।